ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
(ਵਣ ਸਾਖਾ)

ਸੇਵਾ ਵਿਖੇ

1. ਪ੍ਰਧਾਨ, ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ।
2. ਮੈਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਵਣ ਵਿਕਾਸ ਨਿਗਮ,
ਚੰਡੀਗੜ੍ਹ।

ਮੀਮੋ ਨੰ:46/192/2010-ਵਣ-3/ 9089
ਚੰਡੀਗੜ੍ਹ ਮਿਤੀ: 12.11.2010

ਵਿਸ਼ਾ:- ਰਾਜ ਵਿੱਚ ਡੀਗਰੇਡਸ਼ਡ ਭੂਮੀ ਦੀ ਉਪਲਭੱਧਤਾ ਨਾ ਹੋਣ ਕਾਰਣ ਕੰਪਨਸੇਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਵਾਸਤੇ ਨੀਤੀ।

*****

ਭਾਰਤ ਸਰਕਾਰ ਵਲੋਂ ਕੰਪਨਸੇਟਰੀ ਅਫਾਰਸਟੇਸ਼ਨ ਸਬੰਧੀ ਗਾਈਡਲਾਈਨਜ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਨਿਯਮ, ਕਾਰਜ-ਪ੍ਰਨਾਲੀ, ਸ਼ਰਤਾਂ ਆਦਿ ਬਣਾਈਆਂ ਗਈਆਂ ਹਨ ਜੋ ਕਿ ਵਣ ਸੁਰੱਖਿਆ ਐਕਟ, 1980 ਅਧੀਨ ਪ੍ਰਵਾਨਗੀ ਲਈ ਭੇਜੇ ਜਾਣ ਵਾਲੇ ਕੇਸਾਂ ਵਿਚ ਅਪਣਾਈਆਂ ਜਾਣਗੀਆਂ। ਭਾਵੇਂ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਫਾਰੈਸਟ ਲੈਂਡ ਦੀ ਡਾਈਵਰਸ਼ਨ ਦੀ ਪ੍ਰਵਾਨਗੀ ਲਈ ਦੋ ਗੁਣਾ ਖਰਾਬ ਵਣ ਭੂਮੀ ਉਤੇ ਕੰਪਨਸੇਟਰੀ ਅਫਾਰਸਟੇਸਨ ਕਰਨ ਦਾ ਉਪਬੰਧ ਹੈ, ਪ੍ਰੰਤੂ ਪੰਜਾਬ ਵਿਚ ਮੌਜੂਦਾ ਸਥਿਤੀ ਇਹ ਹੈ ਕਿ ਜੋ ਵੀ ਸਰਕਾਰੀ ਵਣ ਰਕਬਾ ਉਪਲਭਧ ਹੈ ਉਸ ਉਤੇ ਜਾਂ ਤਾਂ ਪਹਿਲਾਂ ਪਲਾਂਟੇਸ਼ਨ ਕੀਤੀ ਜਾ ਚੁੱਕੀ ਹੈ ਜਾਂ ਉਹ ਰਕਬਾ ਕੈਂਪਾ ਪ੍ਰੋਜੈਕਟ ਅਤੇ ਦੂਜੀਆਂ ਸਕੀਮਾਂ ਅਧੀਨ ਪਲਾਟੇਸ਼ਨ ਲਈ ਚੁੱਣਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ 56,047.65 ਹੈਕਟਰ ਰਕਬਾ ਜੋ ਪਹਿਲਾਂ ਪੰਜਾਬ ਭੂਮੀ ਸੁਰੱਖਿਆ ਐਕਟ ਅਧੀਨ ਬੰਦ ਸੀ ਭਾਰਤ ਸਰਕਾਰ ਵਲੋਂ ਵਣ ਰਕਬੇ ਦੀ ਲਿਸਟ ਵਿੱਚੋਂ ਡੀਲਿਸਟ ਕਰਨ ਦੀ ਪ੍ਰਵਾਨਗੀ ਉਪਰੰਤ ਪੰਜਾਬ ਵਿਚ ਕੇਵਲ 5% ਭੁਗੋਲਿਕ ਏਰੀਆ ਹੀ ਵਣਾਂ ਅਧੀਨ ਰਹਿ ਜਾਵੇਗਾ। ਅਜਿਹੇ ਹਾਲਾਤਾਂ ਵਿਚ ਕੰਪਨਸੇਟਰੀ ਅਫਾਰਸਟੇਸਨ ਲਈ ਯੂਜਰ ਏਜੰਸੀਆਂ ਨੂੰ ਨਾਨ ਫਾਰੈਸਟ ਲੈਂਡ ਉਪਲਭੱਧ ਕਰਵਾਉਣ ਸਬੰਧੀ ਛੋਟ ਦੇਣ ਵਾਲੀਆਂ ਭਾਰਤ ਸਰਕਾਰ ਦੀਆਂ ਗਾਈਡਲਾਈਨਜ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਭਾਰਤ ਸਰਕਾਰ ਤੋਂ ਡਿਵੈਲਪਮੈਂਟ ਪ੍ਰੋਜੈਕਟਾਂ ਲਈ ਵਣ ਰਕਬੇ ਦੀ ਡਾਈਵਰਸ਼ਨ ਦੀ ਪ੍ਰਵਾਨਗੀ ਲੈਂਣ ਲਈ ਰਾਜ ਕੋਲ ਕੰਪਨਸੇਟਰੀ ਅਫਾਰਸਟੇਸਨ ਕਰਨ ਲਈ ਗੈਰ ਵਣ ਰਕਬਾ ਖਰੀਦਣ ਦਾ ਹੀ ਇਕ ਮਾਤਰ ਵਿਕਲਪ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕੇਸਾਂ ਵਿੱਚ ਜਿੱਥੇ ਵਣ ਰਕਬਾ ਸਿਰਫ ਕੁੱਝ ਮਰਲੇ/ਕਨਾਲਾਂ ਵਿਚ ਹੀ ਪ੍ਰਭਾਵਿਤ ਹੁੰਦਾ ਹੈ, ਅਜਿਹੇ ਕੇਸਾਂ ਵਿੱਚ ਜੋ ਕਿ ਯੂਜਰ ਏਜੰਸੀ

ਨੂੰ ਬਰਾਬਰ ਦਾ ਰਕਬਾ ਖਰੀਦ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਜੇ ਯੂਜਰ ਏਜੰਸੀ ਅਜਿਹਾ ਰਕਬਾ ਖਰੀਦਣ ਲਈ ਸਮਰੱਥ ਵੀ ਹੁੰਦੀ ਹੈ ਤਾਂ ਵੀ ਇਤਨੇ ਛੋਟੇ ਰਕਬੇ ਦਾ ਵਣ ਦੇ ਤੌਰ ਤੇ ਪ੍ਰਬੰਧ ਅਤੇ ਵਿਕਾਸ ਕਰਨਾ ਮੁਸਕਲ ਹੈ। ਇਸ ਕਰਕੇ ਇਸ ਮੰਤਵ ਲਈ ਜਮੀਨ ਖਰੀਦਣ ਸਬੰਧੀ ਪਾਲਿਸੀ ਬਨਾਉਣੀ ਅਤੇ ਉਸ ਨੂੰ ਲਾਗੂ ਕਰਨਾ ਜਰੂਰੀ ਹੈ। ਹਾਲ ਦੀ ਘੜੀ ਵਣ ਸੁਰੱਖਿਆ ਐਕਟ, 1980 ਅਧੀਨ ਜੋ ਕੇਸ ਭਾਰਤ ਸਰਕਾਰ ਦੀ ਪ੍ਰਵਾਨਗੀ ਲਈ ਭੇਜੇ ਜਾਂਦੇ ਹਨ ਉਹ ਯੂਜਰ ਏਜੰਸੀ ਪਾਸੋਂ ਇਹ ਅੰਡਰਟੇਕਿੰਗ ਲੈ ਕੇ ਭੇਜੇ ਜਾ ਰਹੇ ਹਨ ਕਿ ਉਹ ਪੰਜਾਬ ਸਰਕਾਰ ਵਲੋਂ ਲਏ ਫੈਸਲੇ ਅਨੁਸਾਰ ਨਾਨ ਫਾਰੈਸਟ ਲੈਂਡ ਖਰੀਦਣ ਲਈ ਨਿਸਚਿਤ ਕੀਤੇ ਰੇਟਾਂ ਤੇ ਅਦਾਇਗੀ ਕਰਨਗੇ। ਅਜੇ ਇਸ ਸਬੰਧ ਵਿੱਚ ਅਜਿਹੀ ਪਾਲਿਸੀ ਦੀ ਅਣਹੋਂਦ ਕਾਰਨ ਯੂਜਰ ਏਜੰਸੀ ਪਾਸੋਂ ਨਾਨ ਫਾਰੈਸਟ ਲੈਂਡ ਖਰੀਦਣ ਲਈ ਬਣਦੀ ਰਕਮ ਜਮ੍ਹਾਂ ਨਹੀਂ ਕਰਵਾਈ ਜਾ ਰਹੀ ਹੈ। ਇਸ ਲਈ ਇਸ ਸਬੰਧੀ ਪਾਲਿਸੀ ਬਨਾਉਣ ਲਈ ਇਸ ਵਿਭਾਗ ਵੱਲੋਂ ਮੰਤਰੀ ਪ੍ਰੀਸਦ ਦੀ ਪ੍ਰਵਾਨਗੀ ਲਈ ਮੈਮੋਰੰਡਮ ਤਿਆਰ ਕਰਕੇ ਭੇਜਿਆ ਗਿਆ ਸੀ ਜੋ ਕਿ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 3.11.2010 ਨੂੰ ਹੋਈ ਮੀਟਿੰਗ ਵਿੱਚ ਪ੍ਰਵਾਨ ਕਰ ਲਿਆ ਗਿਆ ਹੈ। ਇਸ ਮੈਮੋਰੰਡਮ ਅਨੁਸਾਰ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੰਪਨਸੇਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਸਬੰਧੀ ਪਾਲਿਸੀ ਹੇਠ ਲਿਖੇ ਅਨੁਸਾਰ ਹੋਵੇਗੀ:-

1. ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਵੱਲੋਂ ਜਮੀਨ ਦੀ ਖਰੀਦ ਕਰਨ ਲਈ ਇਕ ਨਵੀਂ ਸਟੇਟ ਪਲੈਨ ਸਕੀਮ ਤਿਆਰ ਕੀਤੀ ਜਾਵੇਗੀ। ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮ: ਵਲੋਂ ਜੋ ਰਕਮ ਰਾਇਲਟੀ ਦੇ ਰੂਪ ਵਿਚ ਸਰਕਾਰ ਨੂੰ ਦਿੱਤੀ ਜਾਵੇਗੀ ਉਨ੍ਹਾਂ ਫੰਡਜ ਦੀ ਵਰਤੋਂ ਨਾਲ ਇਹ ਸਕੀਮ ਚਲਾਈ ਜਾਵੇਗੀ।

2. ਰਾਇਲਟੀ ਦੀ ਰਕਮ ਜੋ ਕਿ ਪਹਿਲਾਂ ਸਟੇਟ ਕਨਸੋਲੀਡੇਟਿਡ ਫੰਡ ਵਿਚ ਆਮਦਨ ਵਜੋਂ ਜਮ੍ਹਾਂ ਕਰਵਾਈ ਜਾਂਦੀ ਹੈ ਉਸ ਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਪਹਿਲਾਂ ਇਹ ਰਕਮ ਪ੍ਰਾਪਤੀ ਦੇ ਤੌਰ ਤੇ ਵਿਖਾਈ ਜਾਵੇਗੀ ਅਤੇ ਫਿਰ ਇਹ ਕੰਪਨਸੇਟਰੀ ਅਫਾਰਸਟੇਸ਼ਨ ਲਈ ਜਮੀਨ ਖਰੀਦਣ ਲਈ ਪਲੈਨ ਸਕੀਮ ਅਧੀਨ ਖਰਚੇ ਵਜੋਂ ਵਿਖਾਈ ਜਾਵੇਗੀ। ਇਸ ਵਿਚ ਕੇਵਲ ਇਹ ਹੀ ਅੰਤਰ ਹੋਵੇਗਾ ਕਿ ਇਸ ਖਰਚੇ ਲਈ ਵਿੱਤ ਵਿਭਾਗ ਦੀ ਪੂਰਵ ਸਹਿਮਤੀ ਲੈਣੀ ਦੀ ਥਾਂ ਇਸ ਖਰਚੇ ਲਈ ਐਕਸ ਪੋਸਟ ਫੈਕਟੋ ਪ੍ਰਵਾਨਗੀ ਲਈ ਜਾਵੇਗੀ। ਰਾਇਲਟੀ ਹੈਡ ਅਧੀਨ ਦਿੱਤੀ ਜਾਣ ਵਾਲੀ ਰਕਮ ਅਤੇ ਖਰਚੇ ਬਾਰੇ ਤਿਮਾਹੀ ਰਿਪੋਟ ਦੇ ਆਧਾਰ ਤੇ ਵਿੱਤ ਵਿਭਾਗ ਨੂੰ ਸੂਚਿਤ ਕੀਤਾ ਜਾਵੇਗਾ ਤਾਂ ਜੋ ਆਮਦਨ ਤੇ ਖਰਚੇ ਸਬੰਧੀ ਰਾਜ ਦੇ ਖਾਤੇ ਵਿਚ ਉਚਿਤ/ਸਹੀਂ ਹੈਡਾਂ ਵਿਚ ਇੰਦਰਾਜ ਕੀਤੇ ਜਾ ਸਕਣ।

3. ਡਾਈਵਰਸ਼ਨ ਦੇ ਕੇਸਾਂ ਕਾਰਨ ਵੱਡੀ ਗਿਣਤੀ ਵਿਚ ਛੋਟੇ-2 ਟੁਕੜਿਆਂ ਨਾਲ ਜੋ ਵਣ ਰਕਬਾ ਪ੍ਰਭਾਵਿਤ ਹੋਇਆ ਹੈ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਵਣ ਨਿਗਮ ਨੂੰ ਆਪਣੇ ਫੰਡਜ ਨਾਲ ਜੋ ਕਿ ਉਨ੍ਹਾਂ ਦੀ ਬੈਲੈਂਸ ਸ਼ੀਟ ਵਿਚ ਰਾਖਵਾਂ ਵਿਖਾਇਆ ਗਿਆ ਹੈ, ਪੰਜਾਬ ਵਣ ਵਿਭਾਗ ਦੇ ਨਾਂ ਤੇ